***ਸੰਪਾਦਕ ਦੀ ਨੋਟਬੁੱਕ: ਸਟੀਵ ਐਡੇਲਸਨ, ਪੀ.ਐਚ.ਡੀ. (Steve Edelson, Ph.D.)***

# ਆਟਿਜ਼ਮ ਰਿਸਰਚ ਇੰਸਟੀਚਿਊਟ (ਆਤਮਲੀਨਤਾ ਅਨੁਸੰਧਾਨ ਸੰਸਥਾਨ ) ਅਤੇ ਡਿਫ਼ੀਟ ਆਟਿਜ਼ਮ ਨਾਉ! (DAN!)

## ਅਸੀਂ ਕੌਣ ਹਾਂ ਅਤੇ ਅਸੀਂ ਕੀ ਕਰਦੇ ਹਾਂ

ਜਦੋਂ ਸਾਡੇ ਆਫ਼ਿਸ ਵਿੱਚ ਫ਼ੋਨ ਵਜਦਾ ਹੈ, ਤਾਂ ਫ਼ੋਨ ਕਰਨ ਵਾਲੇ ਅਕਸਰ ਦੋ ਪ੍ਰਸ਼ਨ ਪੁੱਛਦੇ ਹਨ। ਪਹਿਲਾ ਹੈ, "ARI ਕੀ ਹੈ?" ਦੂਸਰਾ ਹੈ, "ਡਿਫ਼ੀਟ ਆਟਿਜ਼ਮ ਨਾਉ! (ਹੁਣ ਆਤਮਲੀਨਤਾ ਨੂੰ ਪਛਾੜੋ) ਕੀ ਹੈ?"

ਹੁਣ ਜਦ ਕਿ ਕਦੇ-ਕਦੇ ਇਹਨਾਂ ਕਾਲਾਂ ਦਾ ਜਵਾਬ ਮੈਂ ਦਿੰਦਾਂ ਹਾਂ, ਮੈਨੂੰ ਅਹਿਸਾਸ ਹੁੰਦਾ ਹੈ ਕਿ ਇਹਨਾਂ ਪ੍ਰਸ਼ਨਾਂ ਦੇ ਉੱਤਰ ਇੰਨੇ ਅਸਾਨ ਨਹੀਂ ਹਨ। ਜੇ ਤੁਸੀਂ ਇੱਕ ਅਜਿਹੇ ਮਾਤਾ/ਪਿਤਾ ਹੋ ਜਿਸਦੇ ਲਈ ਆਤਮਲੀਨਤਾ ਇੱਕ ਨਵੀਂ ਚੀਜ਼ ਹੈ, ਜਾਂ ਇੱਕ ਅਜਿਹੇ ਮਾਤਾ/ਪਿਤਾ ਜਾਂ ਪੇਸ਼ਾਵਰ ਹੋ ਜਿਸਨੂੰ ਸਾਡੇ ਸੰਸਥਾਨ ਅਤੇ ਇਸਦੇ ਕੰਮ ਬਾਰੇ ਹੁਣੇ-ਹੁਣੇ ਪਤਾ ਲੱਗ ਰਿਹਾ ਹੈ, ਤਾਂ ਇੱਥੇ ਇੱਕ ਸੰਖੇਪ ਵਿਆਖਿਆ ਹੈ ਕਿ ARI ਅਤੇ ਡਿਫ਼ੀਟ ਆਟਿਜ਼ਮ ਨਾਉ! ਕੀ ਹਨ ਅਤੇ ਆਤਮਲੀਨਤਾ ਤੋਂ ਪੀੜਿਤ ਬੱਚਿਆਂ ਅਤੇ ਬਾਲਗਾਂ ਦੀ ਮਦਦ ਕਰਨ ਲਈ ਇਹ ਦੋਵੇਂ ਕੀ ਕੰਮ ਕਰ ਰਹੇ ਹਨ।

## ਆਟਿਜ਼ਮ ਰਿਸਰਚ ਇੰਸਟੀਚਿਊਟ (ARI) ਕੀ ਹੈ?

ARI ਦੀ ਕਹਾਣੀ ਡਾਕਟਰ ਰਿਮਲੈਂਡ ਦੇ ਬੇਟੇ ਮਾਰਕ ਤੋਂ ਸ਼ੁਰੂ ਹੁੰਦੀ ਹੈ, ਜਿਸਦਾ ਜਨਮ 1956 ਵਿੱਚ ਹੋਇਆ ਅਤੇ ਦੋ ਸਾਲ ਦੀ ਉਮਰ ਵਿੱਚ ਉਸਦੇ ਆਤਮਲੀਨਤਾ ਤੋਂ ਪੀੜਿਤ ਹੋਣ ਦਾ ਪਤਾ ਲੱਗਾ। ਮਾਰਕ ਦੇ ਨਿਦਾਨ ਦੇ ਸਮੇਂ, ਡਾਕਟਰਾਂ ਨੇ ਆਤਮਲੀਨਤਾ ਲਈ ਨਿਰਮੋਹੀ "ਠੰਢੀਆਂ ਮਾਵਾਂ" ਨੂੰ ਦੋਸ਼ੀ ਠਹਿਰਾਇਆ। ਡਾਕਟਰ ਰਿਮਲੈਂਡ ਤੁਰੰਤ ਸਮਝ ਗਏ ਕਿ ਇਹ ਸਿਧਾਂਤ ਗਲਤ ਵੀ ਸੀ ਅਤੇ ਬੇਹੱਦ ਵਿਨਾਸ਼ਕਾਰੀ ਵੀ। ਉਹਨਾਂ ਨੇ ਅਗਲੇ ਕਈ ਸਾਲ ਆਤਮਲੀਨਤਾ 'ਤੇ ਅਨੁਸੰਧਾਨ ਕਰਨ ਵਿੱਚ ਸਮਰਪਿਤ ਕੀਤੇ ਅਤੇ ਇਸ ਕੋਸ਼ਿਸ਼ ਦੇ ਨਤੀਜੇ ਵੱਜੋਂ ਉਹਨਾਂ ਦੀ 1964 ਦੀ ਪੁਸਤਕ *ਇਨਫ਼ੇਟਾਈਲ ਆਟਿਜ਼ਮ (Infatile Autism)* ਪ੍ਰਕਾਸ਼ਿਤ ਹੋਈ ਜਿਸਨੇ ਨਿਰਣਾਇਕ ਰੂਪ ਵਿੱਚ ਪ੍ਰਦਰਸ਼ਿਤ ਕੀਤਾ ਕਿ ਆਤਮਲੀਨਤਾ ਇੱਕ ਜੀਵ ਵਿਕਾਰ ਸੀ ਅਤੇ ਮਾਪਿਆਂ ਨੂੰ ਦੋਸ਼ ਦੇਣ ਦੇ ਯੁਗ ਨੂੰ ਸਮਾਪਤ ਕੀਤਾ।

ਆਪਣੇ ਅਨੁਸੰਧਾਨ ਦੇ ਦੌਰਾਨ, ਡਾਕਟਰ ਰਿਮਲੈਂਡ ਨੂੰ ਪਤਾ ਲੱਗਾ ਕਿ ਵਿਹਾਰਕ ਵਿਹਾਰਾਤਮਕ ਵਿਸ਼ਲੇਸ਼ਣ (ਜਿਸਨੂੰ ਉਸ ਸਮੇਂ ਵਿਵਹਾਰ ਵਿੱਚ ਤਬਦੀਲੀ ਕਿਹਾ ਜਾਂਦਾ ਸੀ) ਆਤਮਲੀਨਤਾ ਲਈ ਇੱਕ ਵਿਸ਼ੇਸ਼ ਦਖਲ ਸੀ। ਉਸ ਸਮੇਂ ਦੇ ਘੱਟ ਹੀ ਪ੍ਰਚਲਿਤ ਇਸ ਦਖਲ ਬਾਰੇ ਸੰਦੇਸ਼ ਫੈਲਾਉਣ ਲਈ, ਅਤੇ ਨਾਲ ਹੀ ਪ੍ਰਭਾਵਸ਼ਾਲੀ ਬਾਇਓਮੈਡੀਕਲ ਇਲਾਜਾਂ ਦੀ ਖ਼ੋਜ ਨੂੰ ਉਤਸ਼ਾਹਿਤ ਕਰਨ ਲਈ, ਉਹਨਾਂ ਨੇ 1967 ਵਿੱਚ ARI ਦੀ ਸਥਾਪਨਾ ਕੀਤੀ।

ਇਹਨਾਂ ਸ਼ੁਰੂਆਤਾਂ ਨਾਲ, ARI ਇੱਕ ਅੰਤਰਰਾਸ਼ਟਰੀ ਕੇਂਦਰ ਅਤੇ ਅਨੁਸੰਧਾਨ ਸੰਗਠਨ ਵਿੱਚ ਵਿਕਸਿਤ ਹੋ ਗਿਆ ਜੋ ਹੁਣ ਸੁਰੱਖਿਅਤ, ਵਿਗਿਆਨਿਕ ਤੌਰ 'ਤੇ ਸਿੱਧ ਕੀਤੇ ਗਏ ਅਜਿਹੇ ਇਲਾਜ ਲੱਭਣ ਵਿੱਚ ਮਾਰਗਦਰਸ਼ਨ ਕਰਦਾ ਹੈ ਜੋ ਆਤਮਲੀਨਤਾ ਦੇ ਮੂਲ ਕਾਰਨਾਂ ਨੂੰ ਠੀਕ ਕਰਨ ਲਈ ਤਿਆਰ ਕੀਤੇ ਜਾਂਦੇ ਹਨ। ਇਸ ਸਮੇਂ, ਸਾਡੀ ਲਗਾਤਾਰ ਵਿਸਤ੍ਰਿਤ ਹੁੰਦੀ ਹੋਈ ਕਾਰਜਸੂਚੀ ਵਿੱਚ ਹੇਠਾਂ ਲਿਖੇ ਕੰਮ ਸ਼ਾਮਲ ਹਨ:

—ਪ੍ਰਭਾਵਸ਼ਾਲੀ ਇਲਾਜਾਂ ਤੇ ਆਧੁਨਿਕ ਅਨੁਸੰਧਾਨ ਕਰਨਾ, ਇਸਦੇ ਲਈ ਧਨ ਉਪਲਬਧ ਕਰਵਾਉਣਾ, ਅਤੇ ਇਸਨੂੰ ਅਸਾਨ ਬਣਾਉਣਾ— ਪਿਛਲੇ 1-½ ਸਾਲਾਂ ਵਿੱਚ ਇੱਕ ਮਿਲਿਅਨ ਡਾਲਰ ਤੋਂ ਵੱਧ ਇਸ 'ਤੇ ਲਗਾਏ ਗਏ ਹਨ (ਹੇਠਾਂ ਡਿਫ਼ੀਟ ਆਟਿਜ਼ਮ ਨਾਉ! ਦੇਖੋ)। ARI ਨਵੀਨਤਮ ਇਲਾਜਾਂ ਲਈ ਵਿੱਤੀ ਸਹਾਇਤਾ ਮੁਹੱਈਆ ਕਰਨ 'ਤੇ ਧਿਆਨ ਕੇਂਦ੍ਰਿਤ ਕਰਦਾ ਹੈ ਜਿਸ ਨਾਲ ਵਰਤਮਾਨ ਸਮੇਂ ਵਿੱਚ ਆਤਮਲੀਨਤਾ ਤੋਂ ਪੀੜਿਤ ਬੱਚਿਆਂ ਨੂੰ ਮਦਦ ਮਿਲ ਸਕੇ।

—ਦੋ ਵੈਬਸਾਈਟਾਂ ਚਲਾਉਣੀਆਂ, autism.com ਅਤੇ autism.org ਜੋ ਆਤਮਲੀਨਤਾ 'ਤੇ ਬਾਇਓਮੈਡੀਕਲ ਅਤੇ ਵਿਦਿਅਕ ਜਾਣਕਾਰੀ ਲਈ ਇੰਟਰਨੇਟ ਦੇ ਸਭ ਤੋਂ ਵੱਡੇ ਸ੍ਰੋਤ ਹਨ। ਇਸ ਸਮੱਗਰੀ, ਜਿਸ ਵਿੱਚੋਂ ਲਗਭਗ ਪੂਰੀ ਮੁਫ਼ਤ ਹੈ, ਦਾ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਵੀ ਕੀਤਾ ਜਾ ਰਿਹਾ ਹੈ।

—ਆਤਮਲੀਨਤਾ ਦੇ ਪੂਰੇ ਕਾਰਨਾਂ ਅਤੇ ਪ੍ਰਭਾਵਾਂ ਦੀ ਜਾਂਚ-ਪੜਤਾਲ ਕਰ ਰਹੇ ਵਿਗਿਆਨੀਆਂ ਲਈ ਅਨੁਸੰਧਾਨ ਸਮੱਗਰੀ ਮੁਹੱਈਆ ਕਰਨ ਲਈ ਇੱਕ ਪੂਰੇ ਸਰੀਰ ਦੇ ਊਤਕ ਬੈਂਕ 'ਤੇ ਨੈਸ਼ਨਲ ਇੰਸਟੀਚਿਊਟ ਆਫ਼ ਚਾਈਲਡ ਹੈਲਥ ਐਂਡ ਹਿਊਮਨ ਡਿਵੇਲਪਮੈਂਟ/ਯੂਨੀਵਰਸਿਟੀ ਆਫ਼ ਮੇਰੀਲੈਂਡ ਦੇ ਨਾਲ ਸਹਿਯੋਗ ਕਰਨਾ।

—ਇਹ ਪਤਾ ਕਰਨ ਲਈ ਮਾਤਾ/ਪਿਤਾ ਸਰਵੇਖਣ ਤਿਆਰ ਕਰਨੇ ਕਿ ਆਤਮਲੀਨਤਾ ਲਈ ਕਿਹੜੇ ਇਲਾਜ ਲਾਭਕਾਰੀ ਹਨ ਅਤੇ ਕਿਹੜੇ ਅਪ੍ਰਭਾਵੀ, ਜਾਂ ਹਾਨੀਕਾਰਕ ਹਨ।

—ਇੱਕ ਇਲੈਕਟ੍ਰੌਨਿਕ ਨਿਊਜ਼ਲੈਟਰ ਅਤੇ ਤਿਮਾਹੀ ਅਨੁਸੰਧਾਨ ਸਮੀਖਿਆ ਨਿਊਜ਼ਲੈਟਰ ਪ੍ਰਕਾਸ਼ਿਤ ਕਰਨਾ।

—ਆਤਮਲੀਨਤਾ ਦੇ ਘੱਟ ਸੰਸਾਧਨਾਂ ਵਾਲੇ ਇਲਾਕਿਆਂ ਵਿੱਚ ਸੇਵਾ ਮੁਹੱਈਆ ਕਰਨ ਲਈ ਇੱਕ ਪਿੰਡਾਂ ਤਕ ਬਾਹਰੀ ਪਹੁੰਚ ਦਾ ਪ੍ਰੋਗ੍ਰਾਮ ਚਲਾਉਣਾ।

ਇਲਾਜ ਦੇ ਨਵੇਂ ਰਸਤਿਆਂ ਨੂੰ ਪਛਾਨਣ ਅਤੇ ਲੱਭਣ ਵਿੱਚ ਸ਼ਾਮਲ ਮਾਪਿਆਂ ਅਤੇ ਪੇਸ਼ਾਵਰਾਂ ਦਾ ਇੱਕ ਸ਼ਕਤੀਸ਼ਾਲੀ ਨੈਟਵਰਕ ਬਣਾਉਣਾ ਅਤੇ "ਵਿਕਸਿਤ ਕਰਨਾ"।

—ਹੋਰ ਆਤਮਲੀਨਤਾ ਸੰਗਠਨਾਂ ਦੇ ਨਾਲ ਰਸਮੀ ਸਮਝੌਤਿਆਂ 'ਤੇ ਦਸਤਖਤ ਕਰਨੇ ਤਾਂ ਜੋ ਸਾਨੂੰ ਆਪਣੇ ਸੰਸਾਧਨਾਂ ਨੂੰ ਮਿਲਾਉਣ ਅਤੇ ਆਪਣੀ ਸੇਵਾਵਾਂ ਨੂੰ ਵੱਧ ਤੋਂ ਵੱਧ ਕਰਨ ਵਿੱਚ ਮਦਦ ਮਿਲ ਸਕੇ।

—ਆਤਮਲੀਨਤਾ ਰਿਸੋਰਸ ਕਾਲ ਸੈਂਟਰ ਚਲਾਉਣਾ (1-866-366-3361, ਟੋਲ-ਫ੍ਰੀ)। ਇਹ ਸੇਵਾ ਮਾਪਿਆਂ ਲਈ ਮੁਫ਼ਤ ਜਾਣਕਾਰੀ ਅਤੇ ਸਹਾਇਤਾ ਮੁਹੱਈਆ ਕਰਦੀ ਹੈ।

—ਆਟਿਜ਼ਮ ਨੈਟਵਰਕ ਫ਼ਾਰ ਹਿਅਰਿੰਗ ਐਂਡ ਵਿਜ਼ੁਉਲੀ ਇਮਪੇਅਰਡ ਪਰਸਨਜ਼ (ਸੁਣਨ ਅਤੇ ਦੇਖਣ ਵਿੱਚ ਮੁਸ਼ਕਲਾਂ ਵਾਲੇ ਲੋਕਾਂ ਲਈ ਆਤਮਲੀਨਤਾ ਨੈਟਵਰਕ) ਲਈ ਸਾਜ਼ੋ-ਸਮਾਨ ਦੀ ਸਹਾਇਤਾ ਪੇਸ਼ ਕਰਨਾ।

— ਮਿਸੀਸਿਪੀ ਦੇ ਪੱਛਮ ਵਿੱਚ ਸਥਿਤ ਸਾਰੇ ਬਾਲ-ਰੋਗ ਵਿਸ਼ੇਸ਼ੱਗਾਂ ਲਈ ਇੱਕ ਡਾਕਟਰ ਦੀ ਜਾਣਕਾਰੀ ਪੁਸਤਿਕਾ ਦੀ ਵੰਡ ਲਈ ਧਨ ਉਪਲਬਧ ਕਰਵਾਉਣਾ (http://www.HelpAutismNow.com/)।

ਇਸ ਸਾਲ ARI ਦੀ 40 ਵੀਂ ਵਰ੍ਹੇਗੰਢ ਹੈ, ਅਤੇ ਅਸੀਂ ਪਹਿਲਾਂ ਦੀ ਤੁਲਨਾ ਵਿੱਚ ਬਹੁਤ ਜ਼ਿਆਦਾ ਮਹੱਤਵਪੂਰਨ ਪ੍ਰੋਜੈਕਟਾਂ ਵਿੱਚ ਵਿਅਸਤ ਹਾਂ। ਅਸੀਂ ARI ਨੂੰ ਦਿੱਤੇ ਗਏ ਹਰ ਇੱਕ ਡਾਲਰ ਦੇ ਮਹੱਤਵ ਨੂੰ ਵੱਧ ਤੋਂ ਵੱਧ ਕਰਨ ਲਈ ਸਖ਼ਤ ਮਿਹਨਤ ਵੀ ਕਰਦੇ ਹਾਂ। ਚੈਰਿਟੀ ਨੇਵੀਗੇਟਰ ARI ਨੂੰ ਆਰਥਿਕ ਜ਼ਿੰਮੇਵਾਰੀ ਲਈ ਸਭ ਤੋਂ ਉੱਚੀ ਰੇਟਿੰਗ ਦਿੰਦਾ ਹੈ।

## ਡਿਫ਼ੀਟ ਆਟਿਜ਼ਮ ਨਾਉ! (DAN!) ਪਰਿਯੋਜਨਾ ਕੀ ਹੈ?

ਜਿਵੇਂ-ਜਿਵੇਂ ARI ਦਾ ਵਿਕਾਸ ਹੁੰਦਾ ਗਿਆ, ਡਾਕਟਰ ਰਿਮਲੈਂਡ ਨੇ ਅਜਿਹੇ ਇਲਾਜਾਂ ਨੂੰ ਪਛਾਣਨਾ ਸ਼ੁਰੂ ਕਰ ਦਿੱਤਾ ਜਿਨ੍ਹਾਂ ਤੋਂ ਆਤਮਲੀਨਤਾ ਤੋਂ ਪੀੜਿਤ ਬੱਚਿਆਂ ਨੂੰ ਸਹਾਇਤਾ ਮਿਲਦੀ ਸੀ - ਉਦਾਹਰਨ ਲਈ, ਵਿਟਾਮਿਨ ਬੀ6 ਅਤੇ ਮੈਗਨੀਸ਼ੀਅਮ ਦੀ ਜ਼ਿਆਦਾ ਖ਼ੁਰਾਕ - ਪਰ ਇਹਨਾਂ ਖੋਜਾਂ ਦੀ ਹਲਕੀ ਗਤੀ ਤੋਂ ਉਹਨਾਂ ਨੂੰ ਨਿਰਾਸ਼ਾ ਹੁੰਦੀ ਸੀ। 1994 ਵਿੱਚ ਸਿਡਨੀ ਐਮ. ਬੇਕਰ, ਐਮ.ਡੀ. (Sidney M. Baker, M.D.) ਦੇ ਨਾਲ ਇੱਕ ਮੀਟਿੰਗ ਵਿੱਚ ਇੱਕ ਨਿਰਣਾਇਕ ਬਿੰਦੂ ਆਇਆ, ਜਿਸ ਵਿੱਚ ਡਿਸਨੀ ਐਮ. ਬੇਕਰ ਨੇ ਆਤਮਲੀਨਤਾ ਦੇ ਲੱਛਣਾਂ ਦੇ ਵੱਖ-ਵੱਖ ਸੂਤਰਾਂ - ਜੀਵਰਸਾਇਨਿਕ, ਪ੍ਰਤਿਰੱਖਿਆ ਅਤੇ ਮਿਅਦੇ ਅਤੇ ਆਂਦਰ ਚਿਕਿਤਸਾ ਨਾਲ ਸੰਬੰਧਤ - ਨੂੰ ਇੱਕ ਏਕੀਕ੍ਰਿਤ ਸੂਤਰ ਵਿੱਚ ਬੰਨ੍ਹਣ, ਜਿਸ ਨਾਲ ਨਵੇਂ ਬਾਇਓਮੈਡੀਕਲ ਇਲਾਜਾਂ ਦੇ ਵੱਲ ਵਧਣ ਦਾ ਰਸਤਾ ਮਿਲੇ, ਦੀ ਕੋਸ਼ਿਸ਼ ਵਿੱਚ ਆਪਣੀ ਖ਼ੁਦ ਦੀ ਨਿਰਾਸ਼ਾ ਦਾ ਵਰਣਨ ਕੀਤਾ।

ਡਾਕਟਰ ਬੇਕਰ ਨੇ ਇੱਕ ਹੱਲ ਦਾ ਸੁਝਾਉ ਦਿੱਤਾ: ਆਤਮਲੀਨਤਾ ਅਨੁਸੰਧਾਨ ਦੇ ਹਰ ਇੱਕ ਖੇਤਰ ਵਿੱਚ ਆਗੂਆਂ ਨੂੰ ਇਕੱਠੇ ਕਰਨ ਲਈ ਇੱਕ ਕ੍ਰਾਂਤੀਕਾਰੀ ਪਰਿਯੋਜਨਾ ਤਾਂ ਜੋ ਗਿਆਨ ਵੰਡਿਆ ਜਾ ਸਕੇ, ਨਵੇਂ ਵਿਚਾਰਾਂ ਦੀਆਂ ਚਿੰਗਾਰੀਆਂ ਪੈਦਾ ਕੀਤੀਆਂ ਜਾ ਸਕਣ ਅਤੇ ਆਤਮਲੀਨਤਾ ਲਈ ਪ੍ਰਭਾਵਸ਼ਾਲੀ ਬਾਇਓਮੈਡੀਕਲ ਇਲਾਜਾਂ ਅਤੇ ਇੱਥੇ ਤਕ ਕਿ ਆਤਮਲੀਨਤਾ ਤੋਂ ਪੂਰੀ ਰੋਗ-ਮੁਕਤੀ ਲੱਭਣ ਵਿੱਚ ਤੇਜ਼ੀ ਨਾਲ ਤਰੱਕੀ ਕੀਤੀ ਜਾ ਸਕੇ। ਡਾਕਟਰ ਰਿਮਲੈਂਡ ਨੇ ਤੁਰੰਤ ਇਹ ਚੁਣੌਤੀ ਸਵੀਕਾਰ ਕਰ ਲਈ, ਅਤੇ ਡਾਕਟਰ ਬੇਕਰ ਅਤੇ ਡਾਕਟਰ ਜਾਨ ਪੈਂਗਬੋਰਨ ਦੀ ਮਦਦ ਨਾਲ, ਡਿਫ਼ੀਟ ਆਟਿਜ਼ਮ ਨਾਉ! ਪਰਿਯੋਜਨਾ ਦਾ ਜਨਮ ਹੋਇਆ।

ਉਸ ਸਮੇਂ ਤੋਂ, ਡਿਫ਼ੀਟ ਆਟਿਜ਼ਮ ਨਾਉ! ਨੇ ਸਾਲ ਵਿੱਚ ਦੋ ਵਾਰ ਹੋਣ ਵਾਲੀਆਂ ਵਿਚਾਰ-ਗੋਸ਼ਠੀਆਂ ਵਿੱਚ ਹਜ਼ਾਰਾਂ ਵਿਸ਼ੇਸ਼ੱਗਾਂ ਨੂੰ ਇਕੱਠਾ ਕੀਤਾ ਹੈ, ਜੋ ਆਤਮਲੀਨਤਾ ਅਨੁਸੰਧਾਨ ਦੀ ਤਰੱਕੀ ਦੀ ਗਤੀ ਵਧਾ ਰਹੇ ਹਨ ਅਤੇ ਇਸਨੂੰ ਉਤੇਜਕ ਵਧੇਰੇ ਸੰਤੋਸ਼ਜਨਕ ਦਿਸ਼ਾਵਾਂ ਵਿੱਚ ਲਿਜਾ ਰਹੇ ਹਨ। ਇਸ ਸਮੇਂ ਡਿਫ਼ੀਟ ਆਟਿਜ਼ਮ ਨਾਉ! ਹਰ ਸਾਲ ਦੋ ਸਟੈਂਡਿੰਗ-ਰੂਮ-ਓਨਲੀ ਸੰਮੇਲਨ, ਅਤੇ ਇਸਦੇ ਨਾਲ ਹੀ ਯੂਐਸ ਅਤੇ ਹੋਰ ਸਥਾਨਾਂ 'ਤੇ ਛੋਟੇ ਸੰਮੇਲਨ ਆਯੋਜਿਤ ਕਰਦਾ ਹੈ। (ਵੱਡੇ ਸੰਮੇਲਨਾਂ ਤੋਂ ਲਈਆਂ ਗਈਆਂ ਵੀਡਿਓ ਪ੍ਰਸਤੁਤੀਆਂ ਸਾਡੀ ਵੈਬਸਾਈਟ 'ਤੇ ਮੁਫ਼ਤ ਦੇਖੀਆਂ ਜਾ ਸਕਦੀਆਂ ਹਨ।) ਹੋਰ ਡਿਫ਼ੀਟ ਆਟਿਜ਼ਮ ਨਾਉ! ਪਰਿਯੋਜਨਾਵਾਂ ਵਿੱਚ ਹੇਠਾਂ ਲਿਖੇ ਕੰਮ ਸ਼ਾਮਲ ਹਨ:

— ਡਾਕਟਰ ਬੇਕਰ (Dr. Baker) ਅਤੇ ਡਾਕਟਰ ਪੈਂਗਬੋਰਨ (Dr. Pangborn) ਦੁਆਰਾ *Autism: Effective Biomedical Treatments* (ਆਤਮਲੀਨਤਾ: ਪ੍ਰਭਾਵਸ਼ਾਲੀ ਬਾਇਓਮੈਡੀਕਲ ਇਲਾਜ) (2007 ਵਿੱਚ ਨਵੀਨਤਮ ਕੀਤਾ ਗਿਆ) ਪ੍ਰਕਾਸ਼ਿਤ ਕਰਨਾ।

— ਇਹ ਸੰਦੇਸ਼ ਫੈਲਾਉਣਾ ਕਿ ਬਹੁਤ ਸਾਰੇ ਬੱਚਿਆਂ ਲਈ ਆਤਮਲੀਨਤਾ ਤੋਂ ਠੀਕ ਹੋ ਜਾਣਾ ਸੰਭਵ ਹੈ। ਠੀਕ ਹੋਏ ਜਾਂ ਲਗਭਗ ਠੀਕ ਹੋਏ ਬੱਚਿਆਂ ਦੇ ਹਜ਼ਾਰਾਂ ਮਾਪੇ ਹੁਣ ਇਸ ਮਿਥ - ਕਿ ਆਤਮਲੀਨਤਾ ਦਾ ਇਲਾਜ ਨਹੀਂ ਕੀਤਾ ਜਾ ਸਕਦਾ ਹੈ ਅਤੇ ਇਹ ਹਮੇਸ਼ਾ ਅਸਾਧ ਹੁੰਦਾ ਹੈ - ਨੂੰ ਉਲਟਾਣ ਵਿੱਚ ਸਰਗਰਮੀ ਨਾਲ ਸਾਡੀ ਮਦਦ ਕਰ ਰਹੇ ਹਨ। ਇਹਨਾਂ ਗਰਮੀਆਂ ਵਿੱਚ ਮੈਂ ਉਹਨਾਂ ਦੇ ਬੱਚਿਆਂ ਦੇ ਅਨੂਠੇ ਸਿਹਤ ਲਾਭਾਂ ਦੇ ਦਸਤਾਵੇਜ਼ ਇਕੱਠੇ ਕਰਨ ਲਈ ਦੇਸ਼ ਦਾ ਦੌਰਾ ਕਰਨਾ ਸ਼ੁਰੂ ਕੀਤਾ।

—ਆਤਮਲੀਨਤਾ ਦੇ ਪ੍ਰਭਾਵਸ਼ਾਲੀ ਇਲਾਜਾਂ 'ਤੇ ਕਿਤਾਬਾਂ ਪ੍ਰਕਾਸ਼ਿਤ ਕਰਨੀਆਂ, ਜਿਸ ਵਿੱਚ *Recovering Autistic Children* (ਡਾਕਟਰ ਰਿਮਲੈਂਡ ਅਤੇ ਮੇਰੇ ਦੁਆਰਾ ਸੰਪਾਦਿਤ) ਅਤੇ ਨਿਸ਼ਚਿਤ ਕਾਰਬੋਹਾਈਡ੍ਰੇਟ ਆਹਾਰ 'ਤੇ ਜੂਡਿਥ ਚਿਨੀਜ਼ ਅਤੇ ਡਾਕਟਰ ਸਿਡਨੀ ਬੇਕਰ ਦੁਆਰਾ ਪੁਸਤਕ, *We Band of Mothers* ਵੀ ਸ਼ਾਮਲ ਹੈ।

—ਕਲੀਨੀਸ਼ੀਅਨ ਸਿਖਲਾਈ ਪੇਸ਼ ਕਰਨੀ (ਇਸਨੂੰ ਸੇਵਾ ਨੂੰ ਮੁਹੱਈਆ ਕਰਨ ਵਾਲੇ ਅਸੀਂ ਇਕੋ-ਇੱਕ ਸੰਗਠਨ ਹਾਂ)।

ਡਾਕਟਰ ਰਿਮਲੈਂਡ ਦਾ ਵਿਸ਼ਵਾਸ ਸੀ ਕਿ ਆਤਮਲੀਨਤਾ ਦੇ ਖੇਤਰ ਵਿੱਚ ਸਭ ਤੋਂ ਮਹਾਨ ਤਰੱਕੀਆਂ ਤਾਂ ਹੁੰਦੀਆਂ ਹਨ ਜਦੋਂ ਪੇਸ਼ਾਵਰ ਮਾਪਿਆਂ ਦੇ ਨਾਲ ਮਿਲ ਕੇ ਕੰਮ ਕਰਦੇ ਹਨ ਜੋ ਕਿ ਇਸ ਵਿਸ਼ੇ ਵਿੱਚ ਸੱਚੇ ਵਿਸ਼ੇਸ਼ੱਗ ਹੁੰਦੇ ਹਨ ਕਿ ਕਿਹੜੀ ਚੀਜ਼ ਕੰਮ ਕਰਦੀ ਹੈ ਅਤੇ ਕਿਹੜੀ ਨਹੀਂ। ਨਤੀਜੇ ਵਜੋਂ, ਡਿਫ਼ੀਟ ਆਟਿਜ਼ਮ ਨਾਉ! ਨਾਲ ਸੰਬੰਧਿਤ ਕਲੀਨੀਸ਼ੀਅਨ ਅਤੇ ਅਨੁਸੰਧਾਨਕਰਤਾ ਕੁਝ ਅਨੂਠਾ ਕੰਮ ਕਰਦੇ ਹਨ: ਉਹ ਮਾਪਿਆਂ ਅਤੇ ਹੋਰ ਸਿਹਤ ਪੇਸ਼ਾਵਰਾਂ ਦੀ ਗੱਲ *ਸੁਣਦੇ* ਹਨ ਜੋ ਪੜਤਾਲੀਆ ਇਲਾਜਾਂ ਵਿੱਚ ਸਫਲਤਾ ਦੀ ਰਿਪੋਰਟ ਕਰਦੇ ਹਨ ਜਾਂ ਜੋ ਸੰਭਾਵਿਤ ਦਖਲਾਂ ਬਾਰੇ ਵਿਚਾਰ ਪੇਸ਼ ਕਰਦੇ ਹਨ। ਉਹ ਇਹਨਾਂ ਇਲਾਜਾਂ ਜਾਂ ਵਿਚਾਰਾਂ ਲਈ ਵਿਗਿਆਨਿਕ ਅਧਾਰ ਦੀ ਖ਼ੋਜ ਕਰਦੇ ਹਨ, ਅਕਸਰ ਡਾਕਟਰੀ ਪਰੀਖਣ ਅਤੇ ਵਿਸ਼ਲੇਸ਼ਣਾਤਮਕ ਅਧਿਐਨ ਕਰਦੇ ਹਨ, ਵਿਚਾਰ-ਗੋਸ਼ਠੀ ਫ਼ੋਰਮਾਂ ਵਿੱਚ ਨਤੀਜਿਆਂ 'ਤੇ ਗੱਲਬਾਤ ਕਰਦੇ ਹਨ, ਅਤੇ ਹਰ ਇੱਕ ਤਰੀਕੇ ਦੀ ਸੁਰੱਖਿਆ, ਸਮਰੱਥਾ ਅਤੇ ਉਚਿਤਤਾ ਦਾ ਵਿਸਤ੍ਰਿਤ ਰੂਪ ਵਿੱਚ ਮੁਲਾਂਕਣ ਕਰਦੇ ਹਨ। ਜੇ ਕੋਈ ਇਲਾਜ ਜਾਂ ਕਾਰਜਨੀਤੀ ਤਸੱਲੀਬਖ਼ਸ਼ ਦੇ ਰੂਪ ਵਿੱਚ ਸਵੀਕਾਰ ਕਰ ਲਈ ਜਾਂਦੀ ਹੈ, ਤਾਂ ਇਸਨੂੰ ਇੱਕ ਵਿਚਾਰ-ਗੋਸ਼ਠੀ ਵਿੱਚ ਅਤੇ ਫੇਰ ਇੱਕ ਆਮ ਸੰਮੇਲਨ ਵਿੱਚ ਰਸਮੀ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ।

ਇਸ ਤੇਜ਼, ਗਹਿਣ ਅਧਿਐਨ ਦਾ ਟੀਚਾ ਹੈ ਜਾਣਕਾਰੀ ਨੂੰ ਜਲਦੀ ਨਾਲ ਉਹਨਾਂ ਮਾਪਿਆਂ ਅਤੇ ਪੇਸ਼ਾਵਰਾਂ ਦੇ ਹੱਥਾਂ ਵਿੱਚ ਰੱਖ ਦੇਣਾ ਜਿਨ੍ਹਾਂ ਨੂੰ ਇਸਦੀ ਲੋੜ ਹੈ। ਵਿਸ਼ੇਸ਼ ਤੌਰ 'ਤੇ, ਡਿਫ਼ੀਟ ਆਟਿਜ਼ਮ ਨਾਉ! ਦੇ ਭਾਗੀਦਾਰ ਇੱਕ ਜਾਂ ਦੋ ਸਾਲ ਦੇ ਅੰਦਰ ਇੱਕ ਨਵੇਂ ਇਲਾਜ ਬਾਰੇ ਉਚਿਤ ਮਾਤਰਾ ਵਿੱਚ ਠੋਸ ਜਾਣਕਾਰੀ ਇਕੱਠੀ ਕਰ ਸਕਦੇ ਹਨ ਤਾਂ ਜੋ ਜਾਣ ਸਕਣ ਕਿ ਇਹ ਉਪਯੋਗੀ ਹੋਣ ਦੇ ਨਾਲ-ਨਾਲ ਸੁਰੱਖਿਅਤ ਵੀ ਹੈ ਜਾਂ ਨਹੀਂ।

ਕਿਉਂਕਿ ਅਜਿਹੀ ਕੋਈ ਗਾਰੰਟੀ ਨਹੀਂ ਹੈ ਕਿਸੇ ਦਖਲ ਤੋਂ ਕਿਸੇ ਵਿਸ਼ੇਸ਼ ਬੱਚੇ ਨੂੰ ਮਦਦ ਮਿਲ ਸਕਦੀ ਹੈ, ਡਿਫ਼ੀਟ ਆਟਿਜ਼ਮ ਨਾਉ! ਮਾਪਿਆਂ ਅਤੇ ਡਾਕਟਰਾਂ ਨੂੰ ਇਹ ਨਹੀਂ ਦੱਸਦਾ ਹੈ ਕਿ ਕਿਹੜੇ ਤਰੀਕੇ ਵਰਤਣੇ ਚਾਹੀਦੇ ਹਨ। ਇਸਦੇ ਬਜਾਏ, ਅਸੀਂ ਇਲਾਜ ਦੀਆਂ ਜਾਣਕਾਰੀ ਸਹਿਤ ਚੋਣਾਂ ਕਰਨ ਲਈ ਮਾਪਿਆਂ ਅਤੇ ਡਾਕਟਰਾਂ ਨੂੰ ਉਹਨਾਂ ਦੀ ਲੋੜ ਦੀ ਜਾਣਕਾਰੀ ਦੇ ਕੇ ਉਹਨਾਂ ਨੂੰ ਸ਼ਕਤੀ ਮੁਹੱਈਆ ਕਰਦੇ ਹਾਂ। ਇਸਦਾ ਨਤੀਜਾ: ਆਤਮਲੀਨਤਾ ਤੋਂ ਪੀੜਿਤ ਅਜਿਹੇ ਬੱਚਿਆਂ ਦੀ ਵੱਧਦੀ ਹੋਈ ਸੰਖਿਆ ਜੋ ਤੇਜ਼ੀ ਨਾਲ ਤਰੱਕੀ ਕਰ ਰਹੇ ਹਨ, ਅਤੇ ਅਜਿਹੇ ਬਹੁਤ ਸਾਰੇ ਬੱਚੇ ਜੋ ਠੀਕ ਹੋ ਰਹੇ ਹਨ।

—

ARI ਅਤੇ ਡਿਫ਼ੀਟ ਆਟਿਜ਼ਮ ਨਾਉ! ਦੇ ਕੰਮ ਦੇ ਨਤੀਜੇ ਵਜੋਂ ਆਤਮਲੀਨਤਾ ਦਾ ਇਲਾਜ ਕਰਨ ਲਈ ਸਾਡੀ ਯੋਗਤਾ ਵਿੱਚ ਬੇਹੱਦ ਤਰੱਕੀ ਹੋ ਰਹੀ ਹੈ। ਜਿਵੇਂ ਕਿ ਡਾਕਟਰ ਰਿਮਲੈਂਡ ਹਮੇਸ਼ਾ ਕਹਿੰਦੇ ਸਨ, "ARI ਅਨੁਸੰਧਾਨ ਲਈ ਵਿੱਤੀ ਸਹਾਇਤਾ ਮੁਹੱਈਆ ਕਰਦਾ ਹੈ ਜਿਸ ਨਾਲ ਕਾਫ਼ੀ ਫ਼ਰਕ ਪੈਂਦਾ ਹੈ।" ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਲੋਕਾਂ - ਮਾਪਿਆਂ, ਡਾਕਟਰਾਂ, ਅਨੁਸੰਧਾਨਕਰਤਾ ਅਤੇ ਦਾਤਾਵਾਂ - ਦੇ ਵਿਸ਼ਾਲ ਨੈਟਵਰਕ ਵਿੱਚ ਸ਼ਾਮਲ ਹੋਵੋਗੇ ਜੋ ARI ਦੇ ਕੰਮ ਵਿੱਚ ਹਿੱਸਾ ਲੈ ਕੇ ਆਤਮਲੀਨਤਾ ਤੋਂ ਪੀੜਿਤ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਭਵਿੱਖ ਵਿੱਚ ਨਿਵੇਸ਼ ਕਰ ਰਹੇ ਹਨ।